# ਦਫਤਰ ਨਗਰ ਨਿਗਮ ਹੁਸ਼ਿਆਰਪੁਰ

# ਪ੍ਰੈਸ ਨੋਟ

# ਬਹਾਦਰਪੁਰ ਚੋਂਕ ਤੋਂ ਕਮੇਟੀ ਬਜਾਰ ਤੱਕ ਦੇ ਸਮੂਹ ਦੁਕਾਨਦਾਰ ਆਪਣੀਆਂ ਮੁਸ਼ਕਲਾਂ ਸਬੰਧੀ ਸੀਨੀਅਰ ਡਿਪਟੀ ਮੇਅਰ ਨੂੰ ਮਿਲੇ।

ਹੁਸ਼ਿਆਰਪੁਰ 13 ਜੁਲਾਈ ਬਹਾਦਰਪੁਰ ਚੋਂਕ ਤੋਂ ਕਮੇਟੀ ਬਜਾਰ ਤੱਕ ਦੇ ਸਮੂਹ ਦੁਕਾਨਦਾਰ ਵਾਰਡ ਨੰਬਰ 35 ਦੇ ਕੋਂਸਲਰ ਨਿਪੁਨ ਸ਼ਰਮਾ ਦੀ ਅਗਵਾਈ ਹੇਠ ਨਗਰ ਨਿਗਮ ਦੇ ਸੀਨੀਅਰ ਡਿਪਟੀ ਮੇਅਰ ਪ੍ਰੇਮ ਸਿੰਘ ਪਿਪਲਾਵਾਲਾਂ ਨੂੰ ਉਹਨ੍ਹਾਂ ਦੇ ਦਫਤਰ ਵਿਖੇ ਮਿਲੇ ਅਤੇ ਆਪਣੀਆਂ ਮੁਸ਼ਕਲਾਂ ਸਬੰਧੀ ਮੰਗ ਪੱਤਰ ਦਿੰਦਿੰਆਂ ਦਸਿਆ ਕਿ ਬਹਾਦਰਪੁਰ ਚੋਂਕ ਤੋਂ ਕਮੇਟੀ ਬਜਾਰ ਤੱਕ ਦੇ ਸਾਰੇ ਦੁਕਾਨਦਾਰ ਤੇਜ਼ ਰਫਤਾਰ ਮੋਟਰ ਸਾਈਕਲ, ਸਕੂਟਰ ਅਤੇ ਕਾਰਾਂ ਆਦਿ ਤੋਂ ਬਹੁਤ ਪਰੇਸ਼ਾਨ ਹਨ। ਤੇਜ਼ ਰਫਤਾਰ ਨਾਲ ਚਲਣ ਵਾਲੇ ਇਹਨ੍ਹਾਂ ਵਾਹਨਾਂ ਨਾਲ ਅਕਸਰ ਹਾਦਸੇ ਹੋ ਰਹੇ ਹਨ ਅਤੇ ਪਿਛਲੇ ਕੁਝ ਦਿੰਨਾਂ ਵਿੱਚ ਇਸ ਸੜਕ ਤੇ ਤੇਜ਼ ਰਫਤਾਰ ਵਾਹਨਾਂ ਨਾਲ 3 ਜਾਨਾਂ ਜਾ ਚੁਕੀਆਂ ਹਨ। ਇਸ ਲਈ ਇਸ ਸੜਕ ਤੇ ਹੋ ਰਹੇ ਹਾਦਸਿਆਂ ਨੂੰ ਰੋਕਣ ਲਈ ਸਪੀਡ ਬਰੇਕਰ ਲਗਵਾਏ ਜਾਣ।ਸੀਨੀਅਰ ਡਿਪਟੀ ਮੇਅਰ ਪ੍ਰੇਮ ਸਿੰਘ ਪਿਪਲਾਵਾਲਾਂ ਨੇ ਸਮੂਹ ਦੁਕਾਨਦਾਰਾਂ ਨੂੰ ਭਰੋਸਾ ਦਵਾਇਆ ਕਿ ਉਹਨ੍ਹਾਂ ਦੀ ਇਸ ਮੰਗ ਤੇ ਹਮਦਰਦੀ ਨਾਲ ਗੋਰ ਕਰਦੇ ਹੋਏ ਇਸ ਸਬੰਧੀ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ।

ਨਗਰ ਨਿਗਮ ਦੇ ਕੋਸਲਰ ਮੀਨੂ ਸੇਠੀ, ਬਲਵਿੰਦਰ ਬਿੰਦੀ, ਆਰ.ਕੇ. ਸ਼ਰਮਾ, ਗੋਪਾਲ ਕ੍ਰਿਸ਼ਨ, ਵਿਜੇ ਕੁਮਾਰ, ਗੁਰਜੀਤ ਸਿੰਘ, ਮੋਹਨ ਲਾਲ ਸੈਣੀ, ਅਜੇ ਚਾਵਲਾ, ਕ੍ਰਿਸ਼ਨ ਕਾਂਤ ਅਤੇ ਸਮੂਹ ਦੁਕਾਨਦਾਰ ਵੀ ਇਸ ਮੌਕੇ ਤੇ ਹਾਜ਼ਰ ਸਨ।